# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਐਫੀਲੀਏਟਿਡ/ਐਸੋਸੀਏਟਿਡ ਸਕੂਲਜ਼,
ਪੰਜਾਬ।

ਨੰਬਰ: ਪਸਸਬ-ਐਫੀ:2014/15846-18845 ਮਿਤੀ: 23/7/14

**ਵਿਸ਼ਾ:** **ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ/ ਐਸੋਸੀਏਟਿਡ ਸਕੂਲਾਂ ਨੂੰ ਸਾਲ 2015-16 ਲਈ 60% ਪੁਸਤਕਾਂ ਦੀ ਡਿਮਾਂਡ ਜਿਲ੍ਹੇ ਸਥਿਤ ਖੇਤਰੀ ਦਫਤਰ ਵਿਖੇ ਜਮ੍ਹਾ ਕਰਵਾਉਣ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਸਕੂਲ ਵਿੱਚ ਸੈਸ਼ਨ 2014-15 ਲਈ ਦਾਖਲ ਹੋਏ ਕੁੱਲ ਵਿਦਿਆਰਥੀਆਂ ਦੀ ਸ਼੍ਰੇਣੀਵਾਰ ਗਿਣਤੀ (ਮਾਧਿਅਮ ਸਮੇਤ) ਦੇ 60% ਵਿਦਿਆਰਥੀਆਂ ਦੀਆਂ ਕਿਤਾਬਾਂ ਦੀ ਡਿਮਾਂਡ ਆਪਣੇ ਜਿਲ੍ਹੇ ਵਿੱਚ ਸਥਿਤ ਮੈਨੇਜਰ, ਖੇਤਰੀ ਦਫਤਰ, ਪਾਠ-ਪੁਸਤਕਾਂ ਵਿਕਰੀ ਡਿਪੂ ਨੂੰ ਮਿਤੀ: 07-08-2014 ਤੱਕ ਹਰ ਹਾਲਤ ਵਿੱਚ ਜਮ੍ਹਾ ਕਰਵਾਉਣਗੇ, ਤਾਂ ਜੋ ਕਿਤਾਬਾਂ ਦੀ ਛਪਾਈ ਸਮੇਂ ਸਿਰ ਹੋ ਸਕੇ। ਸਕੂਲ ਵੱਲੋਂ ਦਿੱਤੀ ਗਿਣਤੀ ਅਨੁਸਾਰ ਹੀ ਸਕੂਲ ਨੂੰ ਕਿਤਾਬਾਂ ਦੀ ਸਪਲਾਈ ਕੀਤੀ ਜਾਵੇਗੀ। ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਉਕਤ ਮਿਤੀ ਤੱਕ ਆਪਣੀ ਡਿਮਾਂਡ ਦੇਣੀ ਯਕੀਨੀ ਬਣਾਈ ਜਾਵੇ। ਨਿਰਧਾਰਤ ਮਿਤੀ ਤੱਕ ਉਕਤ ਡਿਮਾਂਡ ਨਾ ਭੇਜਣ ਵਾਲੀਆਂ ਸੰਸਥਾਵਾਂ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ, ਜਿਸਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ) 21/7/14
ਵਾ:ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।